# ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ

**—ਸ: ਦਵਿੰਦਰ ਸਿੰਘ 'ਖਰੜ'**

ਅਸਲ ਅਤੇ ਨਕਲ ਵਿਚ ਫ਼ਰਕ ਨਾ ਸਮਝਣਾ ਮਨੁੱਖ ਦੀ ਘੋਰ ਬੇ-ਸਮਝੀ ਅਤੇ ਅਗਿਆਨਤਾ ਹੈ। ਜਿਵੇ ਪਿੱਤਲ ਨੂੰ ਸੋਨਾ ਅਤੇ ਕੱਚ ਨੂੰ ਹੀਰਾ ਦੱਸ ਕੇ ਵੇਚਣਾ ਠੱਗਾਂ ਦਾ ਕੰਮ ਹੁੰਦਾ ਹੈ ਉਸੇ ਤਰ੍ਹਾਂ ਆਪਣੇ ਚੇਲਿਆਂ ਰਾਹੀਂ ਆਪਣੇ-ਆਪ ਨੂੰ ਅਸਲੀ ਸੰਤ ਹੋਣਾ ਦੱਸ ਕੇ ਭੋਲੇ-ਭਾਲੇ ਲੋਕਾਂ ਦੇ **ਸਰੀਰਕ,ਮਾਨਸਿਕ, ਆਰਥਿਕ ਅਤੇ ਆਤਮਿਕ ਜੀਵਨ** ਨੂੰ ਲੁੱਟਣਾ ਨਕਲੀ ਤੇ ਪਖੰਡੀ ਸਾਧਾਂ/ਸੰਤਾਂ ਦਾ ਕੰਮ ਹੁੰਦਾ ਹੈ। ਇਨ੍ਹਾਂ ਤੋਂ ਬਚਣ ਲਈ ਅਸਲ ਸੰਤ ਨੂੰ ਗੁਰ-ਇਤਿਹਾਸ ਦੇ ਹੇਠ ਲਿਖੇ ਸਵਾਲਾਂ ਦੇ ਜਵਾਬਾਂ ਵਿੱਚੋਂ ਲੱਭਿਆ ਜਾਵੇ :

**ਸਵਾਲ**

1. ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ (1469-1708) ਤੱਕ ਦੇ ਸਮੇਂ ਦੌਰਾਨ ਕਿਸੇ ਅਜਿਹੇ ਗੁਰਸਿੱਖ ਦਾ ਨਾਂ ਦੱਸੋ, ਜਿਸ ਦੇ ਨਾਂ ਅੱਗੇ ਸੰਤ ਸ਼ਬਦ ਲੱਗਾ ਹੋਵੇ।
2. ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ (1708 -1839) ਤੱਕ ਦੇ ਸਮੇਂ ਦੌਰਾਨ ਕਿਸੇ ਅਜਿਹੇ ਗੁਰਸਿੱਖ ਦਾ ਨਾਂ ਦੱਸੋ,ਜਿਸ ਦੇ ਨਾਂ ਅੱਗੇ ਸੰਤ ਸ਼ਬਦ ਲੱਗਾ ਹੋਵੇ।
3. ਗੁਰੂ ਸਾਹਿਬਾਨ ਨੇ ਆਪਣੇ ਕਿਹੜੇ-ਕਿਹੜੇ ਗੁਰਸਿੱਖ ਨੂੰ ਸੰਤ ਪਦ ਨਾਲ ਨਿਵਾਜਿਆ ? ਉਨ੍ਹਾਂ ਦੇ ਨਾਂ, ਸੰਨ ਅਤੇ ਸਥਾਨ ਵੀ ਦੱਸੋ ?
4. ਅਕਸਰ ਕਿਹਾ ਜਾਂਦਾ ਹੈ ਕਿ ਸੰਤ ਨਾਮ ਜਪਾਉਂਦੇ ਹਨ। ਦੱਸੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਧਰਮ ਅੰਦਰ ਕਿਹੜੇ-ਕਿਹੜੇ ਸੰਤ ਨਾਮ ਜਪਾਉਂਦੇ ਰਹੇ ?
5. 1708 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਸਮੇਂ ਕਿਹੜੇ-ਕਿਹੜੇ ਸੰਤਾਂ ਨੂੰ ਨਾਮ ਜਪਾਉਣ ਦਾ ਅਧਿਕਾਰ ਦਿੱਤਾ, ਉਨ੍ਹਾਂ ਦੇ ਨਾਂ ਦੱਸੋ ?
6. ਅਖੌਤੀ ਸਾਧ/ਸੰਤ ਜੋ ਆਪਣੇ-ਆਪ ਨੂੰ ਸੰਤ ਅਖਵਾਉਂਦੇ ਹਨ,ਉਨ੍ਹਾਂ ਨੂੰ ਸੰਤ ਕਿਸ ਨੇ ਬਣਾਇਆ ਅਤੇ ਅਜਿਹਾ ਕਰਨ ਲਈ ਉਨ੍ਹਾਂ ਨੂੰ ਕਿਸ ਨੇ ਅਧਿਕਾਰ ਦਿੱਤਾ ?



7. ਸਿੱਖ ਧਰਮ ਵਿਚ ਸਖ਼ਸ਼ੀ (ਦੇਹਧਾਰੀ) ਪੂਜਾ ਕਰਨ ਦੀ ਸਖ਼ਤ ਮਨਾਹੀ ਹੈ ਪਰ ਜੇਕਰ ਕੋਈ ਦੇਹਧਾਰੀ ਆਪਣੇ-ਆਪ ਨੂੰ ਸੰਤ ਕਹਿੰਦਾ ਹੈ ਜਾਂ ਕਹਾਉਂਦਾ ਹੈ ਤਾਂ ਉਹ ਕੀ ਹੋ ਸਕਦਾ ਹੈ ?
8. ਗੁਰਬਾਣੀ ਅਨੁਸਾਰ ਸਿੱਖਾਂ ਦੇ ਅਸਲੀ ਸੰਤ ਦਾ ਨਾਂ ਦੱਸੋ ?

ਗੁਰਬਾਣੀ ਵਿੱਚ' ਸੰਤ ' ਸ਼ਬਦ ਜਿੱਥੇ ਗੁਰੂ, ਪਰਮਾਤਮਾ ਅਤੇ ਗੁਰਸਿੱਖਾਂ ਵਾਸਤੇ ਆਇਆ ਹੈ, ਉੱਥੇ ਕੁੱਝ ਥਾਵਾਂ ਤੇ ਕਪਟੀ-ਸੰਤਾਂ (ਬਾਨਾਰਸਿ ਕੇ ਠਗਾਂ) ਵਾਸਤੇ ਵੀ ਵਰਤਿਆ ਹੈ। ਇਸ ਤਰ੍ਹਾਂ ਗੁਰਬਾਣੀ ਵਿੱਚ ਚਾਰ ਅਰਥਾਂ ਵਿੱਚ ਸੰਤਾਂ ਦਾ ਜ਼ਿਕਰ ਹੈ।

ਸੰਤ ਸ਼ਬਦ ਬਾਰੇ ਭੁਲੇਖਾ ਪੈਣ ਦਾ ਮੁੱਖ ਕਾਰਨ ਗੁਰਬਾਣੀ ਵਿਆਕਰਣ ਦੀ ਸੋਝੀ ਨਾ ਹੋਣਾ ਹੈ। ਗੁਰਬਾਣੀ ਵਿੱਚ ਇੱਕ-ਇੱਕ ਸ਼ਬਦ ਦੇ ਵੱਖ-ਵੱਖ ਸਰੂਪਾਂ ਦੇ ਦਰਸ਼ਨ ਹੁੰਦੇ ਹਨ। ਜਿਵੇਂ ਕਿ:- **ਘਰੁ, ਘਰ ਅਤੇ ਘਰਿ** ਤਿੰਨਾਂ ਦਾ ਉਚਾਰਨ **ਘਰ** ਇੱਕ ਹੀ ਹੈ। ਇਨ੍ਹਾਂ ਨੂੰ ਲੱਗੀਆਂ ਲਗਾਂ ਮਾਤਰਾਂ ਵਾਧੂ ਨਹੀਂ ਹਨ ਪਰ ਇਨ੍ਹਾਂ ਦਾ ਜ਼ਰੂਰ ਕੋਈ ਕਾਰਨ ਹੈ।

ਗੁਰਬਾਣੀ ਵਿਚ ਸੰਤ ਸ਼ਬਦ ਦਾ ਜ਼ਿਕਰ ਵੇਖੋ :

**ਗੁਰੂ-ਸੰਤ** (ਸੰਤ ਸ਼ਬਦ ਗੁਰੂ ਵਾਸਤੇ)

**1. ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ,ਕਿਲਵਿਖ ਦੁਖ ਕਾਟੇ ਸਭਿ ਦੂਰ ॥(੧੧੯੮)**

**2. ਗੁਰੁ ਸੰਤੁ ਪਾਇਆ, ਪ੍ਰਭੁ ਧਿਆਇਆ, ਸਗਲ ਇਛਾ ਪੁੰਨੀਆ ॥ (੭੭੯)**

ਇਨ੍ਹਾਂ ਗੁਰਬਾਣੀ ਫੁਰਮਾਨਾਂ ਵਿੱਚ **ਸਤਿਗੁਰੁ ਸੰਤੁ** ਤੇ **ਗੁਰੁ ਸੰਤੁ** ਸ਼ਬਦਾਂ ਦੇ ਅਖੀਰਲੇ ਅੱਖਰ **ਰ** ਅਤੇ **ਤ** ਨੂੰ ਔਂਕੜ ਲੱਗਾ ਹੋਇਆ ਹੈ ਪਰ ਇਹ ਉਚਾਰਨ ਵਿੱਚ ਨਹੀਂ ਆਉਂਦੇ। ਇਹ ਔਂਕੜ ਵਾਧੂ ਨਹੀਂ ਹਨ। ਅਖੀਰਲੇ ਅੱਖਰ ਨੂੰ ਔਂਕੜ ਲਗਾਉਣਾ ਇੱਕ ਸੰਤ ਜਾਂ ਗੁਰ-ਵਿਅਕਤੀ ਦਾ ਸੰਕੇਤ ਦੇਣਾ ਹੈ। ਜਿਸ ਨਾਲ ਇਹ ਸ਼ਬਦ ਇੱਕ ਵਚਨ ਬਣਾਇਆ ਗਿਆ ਹੈ।

**ਸਤਿਗੁਰੁ ਸੰਤੁ** ਅਤੇ **ਗੁਰੁ ਸੰਤੁ** ਦੋ ਵਿਅਕਤੀਆਂ ਲਈ ਨਹੀਂ ਆਇਆ ਸਗੋਂ **ਸਤਿਗੁਰੁ ਸੰਤੁ** ਅਤੇ **ਗੁਰੁ ਸੰਤੁ** ਇੱਕ ਵਚਨ ਇੱਕ ਗੁਰੂ ਲਈ ਹੀ ਆਇਆ ਹੈ।

ਪਹਿਲੇ ਫੁਰਮਾਨ ਤੋਂ ਭਾਵ ਹੈ ਕਿ ਜਦੋਂ ਸਤਿਗੁਰੂ ਮਿਲ ਪੈਂਦਾ ਹੈ ਤਦ ਆਤਮਿਕ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰੂ ਮਨੁੱਖ ਦੇ ਸਾਰੇ ਦੁੱਖਾਂ ਨੂੰ ਦੂਰ ਕਰ ਦਿੰਦਾ ਹੈ।

ਦੂਸਰੇ ਫੁਰਮਾਨ ਤੋਂ ਭਾਵ ਹੈ ਕਿ ਜਿਨ੍ਹਾਂ ਨੂੰ ਸਤਿਗੁਰੂ ਮਿਲ ਪਿਆ ਉਨ੍ਹਾਂ ਨੇ ਪ੍ਰਭੂ ਦਾ ਨਾਮ ਸਿਮਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋਣ ਲੱਗ ਪਈਆਂ।

**ਪ੍ਰਭੂ-ਸੰਤ** (ਸੰਤ ਸ਼ਬਦ ਪ੍ਰਭੂ ਵਾਸਤੇ)

ਗੁਰਬਾਣੀ ਦਾ ਫੁਰਮਾਨ ਹੈ:

**ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥**
**ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥** (੯੭)

ਇਸ ਪੰਕਤੀ ਵਿੱਚ **ਗੁਰਿ** ਸ਼ਬਦ ਦੇ ਅਖੀਰਲੇ ਅੱਖਰ **ਰ** ਨੂੰ ਸਿਹਾਰੀ ਲੱਗੀ ਹੋਈ ਹੈ ਅਤੇ **ਸੰਤੁ** ਸ਼ਬਦ ਦੇ ਤ ਅੱਖਰ ਨੂੰ ਔਂਕੜ ਲੱਗਾ ਹੋਇਆ ਹੈ। ਸਿਹਾਰੀ ਅਤੇ ਔਂਕੜ ਉਚਾਰਨ ਵਿੱਚ ਨਹੀਂ ਆਉਂਦੇ। ਇੱਥੇ **ਗੁਰਿ** ਸ਼ਬਦ ਤੋਂ ਭਾਵ ਹੈ **ਗੁਰੂ ਰਾਹੀਂ**। **ਸੰਤੁ** ਸ਼ਬਦ ਇੱਕ ਵਚਨ ਪਰਮਾਤਮਾ ਵਾਸਤੇ ਆਇਆ ਹੈ ਕਿਉਂਕਿ ਪਰਮਾਤਮਾ ਇੱਕ ਹੈ।

ਇਸ ਫੁਰਮਾਨ ਤੋਂ ਭਾਵ ਹੈ ਕਿ ਗੁਰੂ ਰਾਹੀਂ ਸੰਤ ਭਾਵ ਪਰਮਾਤਮਾ ਮਿਲ ਗਿਆ। ਯਾਦ ਰੱਖਣ ਵਾਲੀ ਗੱਲ ਹੈ ਕਿ ਸੱਚਾ ਗੁਰੂ ਹੀ ਪਰਮਾਤਮਾ ਨੂੰ ਮਿਲਾ ਸਕਦਾ ਹੈ।

**ਗੁਰਸਿੱਖ-ਸੰਤ** (ਸੰਤ ਸ਼ਬਦ ਗੁਰਸਿੱਖਾਂ ਦੇ ਇਕੱਠ ਜਾਂ ਸਮੂਹ ਸਿੱਖਾਂ ਵਾਸਤੇ) ਗੁਰਬਾਣੀ ਵਿੱਚ **ਸੰਤ** ਸ਼ਬਦ ਜਿੱਥੇ ਔਂਕੜ ਸਹਿਤ ਆਇਆ ਹੈ, ਉੱਥੇ ਔਂਕੜ ਤੋਂ ਬਿਨਾਂ ਬਹੁ-ਵਚਨ ਵਜੋਂ ਵੀ ਆਇਆ ਹੈ ਜੋ ਕਿ ਗੁਰਸਿੱਖਾਂ ਦੇ ਅਜਿਹੇ ਇਕੱਠ ਜਾਂ ਸਮੂਹ ਸਿੱਖਾਂ ਵਾਸਤੇ ਵਰਤਿਆ ਗਿਆ ਹੈ ਜੋ ਸੰਗਤੀ ਰੂਪ ਵਿੱਚ ਮਿਲ ਕੇ ਹਰੀ ਜਸ ਕਰਦੇ ਹਨ। ਜਿਵੇਂ ਕਿ :

**ਸੰਤ ਸਾਜਨ, ਸੰਤ ਭਗਤ, ਸੰਤ-ਜਨਾਂ, ਸੰਤ, ਸੰਤ ਮੰਡਲ, ਸਾਧ-ਜਨ, ਸੰਤਹੁ, ਸੰਤ ਪਿਆਰਿਹੁ, ਸੰਤ-ਜਨਹੁ ਆਦਿ**। ਇਹ ਸਾਰੇ ਸ਼ਬਦ ਬਹੁ-ਵਚਨ ਦੇ ਪ੍ਰਤੀਕ ਹਨ। **ਇੱਥੇ ਕਿਸੇ ਖ਼ਾਸ ਸਿੱਖ ਨੂੰ ਸੰਤ ਕਹਿ ਕੇ ਸੰਬੋਧਨ ਨਹੀਂ ਕੀਤਾ ਗਿਆ।**



**ਕਪਟੀ-ਸੰਤ** (ਬਾਨਾਰਸਿ ਕੇ ਠਗ)

ਨਕਲੀ ਤੇ ਪਾਖੰਡੀ ਲੋਕ ਜੋ ਅੰਦਰੋਂ ਝੂਠ, ਫ਼ਰੇਬ, ਹੇਰਾਫ਼ੇਰੀ ਨਾਲ ਜੁੜੇ ਹੁੰਦੇ ਹਨ ਅਤੇ ਬਾਹਰੋਂ ਸੰਤ (ਧਰਮੀ) ਹੋਣ ਦਾ ਢੋਂਗ ਰਚਾਉਂਦੇ ਹਨ। ਇੱਕ ਖਾਸ ਕਿਸਮ ਦਾ ਪਹਿਰਾਵਾ ਪਹਿਨ ਕੇ ਗਲ ਅਤੇ ਹੱਥਾਂ ਵਿੱਚ ਮਾਲਾ ਰੱਖ ਕੇ ਅਤੇ ਬਗੁਲ ਸਮਾਧੀਆਂ ਲਾ ਕੇ ਲੋਕਾਂ ਨੂੰ ਲੁੱਟਦੇ ਹਨ। ਗੁਰਬਾਣੀ ਨੇ ਅਜਿਹੇ ਨਕਲੀ ਤੇ ਪਾਖੰਡੀ ਸੰਤਾਂ ਨੂੰ ਕਪਟੀ ਤੇ ਬਾਨਾਰਸਿ ਕੇ ਠਗ ਦਾ ਦਰਜਾ ਦਿੱਤਾ ਹੈ। ਗੁਰ ਫੁਰਮਾਨ ਹੈ :

1. **ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥**
   **ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥** (੪੯੧)
2. **ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥**
   **ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥** (੪੭੬)

ਆਉ ਗੁਰ-ਇਤਿਹਾਸ ਵਿੱਚੋਂ ਮਹਾਨ ਗੁਰਸਿੱਖਾਂ ਦੀ ਭਾਲ ਕਰੀਏ ਜਿਨ੍ਹਾਂ ਦੇ ਨਾਂਵਾਂ ਅੱਗੇ ਸੰਤ ਸ਼ਬਦ ਲੱਗਾ ਹੋਵੇ।

**ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ ਦੇ ਮਹਾਨ ਗੁਰਸਿੱਖ** : ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ, ਭਾਈ ਲਹਿਣਾ ਜੀ, ਭਾਈ ਜੇਠਾ ਜੀ, ਭਾਈ ਗੁਰਦਾਸ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ, ਭਾਈ ਬਚਿੱਤਰ ਸਿੰਘ ਜੀ, ਭਾਈ ਨੰਦ ਲਾਲ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ।

**ਪੰਜ ਪਿਆਰੇ :—** ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ।

**ਚਾਰ ਸਾਹਿਬਜ਼ਾਦੇ :—** ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਵੀ ਅਨੇਕਾਂ ਗੁਰੂ ਦੇ ਸਿੱਖ ਹੋਏ ਹਨ ਜਿਨ੍ਹਾਂ ਨੇ ਪੰਥ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ। ਕਿਸੇ ਨੇ ਵੀ ਆਪਣੇ ਨਾਂ ਅੱਗੇ ਸੰਤ ਸ਼ਬਦ ਨਹੀਂ

ਲਾਇਆ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਮਹਾਨ ਗੁਰਸਿੱਖਾਂ ਨੂੰ ਭਾਈ ਜਾਂ ਬਾਬਾ ਸ਼ਬਦ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਯਾਦ ਕੀਤਾ ਜਾਂਦਾ ਰਹੇਗਾ। ਗੁਰ-ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ ਕਿ ਗੁਰਸਿੱਖਾਂ ਲਈ ਗੁਰੂ ਹੀ ਸਭ-ਕੁਝ ਸੀ।

ਪੁਰਾਤਨ ਗੁਰਸਿੱਖਾਂ ਦੇ ਨਾਂ ਅੱਗੇ ਸੰਤ ਸ਼ਬਦ ਨਹੀਂ ਮਿਲਦਾ ਪਰ ਅੱਜ ਤਾਂ ਸੰਤਾਂ ਦੀ ਭਰਮਾਰ ਹੈ। ਇਹ ਸੰਤ ਕਿੱਥੋ ਆਏ ? ਇਨ੍ਹਾਂ ਨੂੰ ਸੰਤ ਕਿਸ ਨੇ ਬਣਾਇਆ ? ਇਨ੍ਹਾਂ ਦਾ ਉਦੇਸ਼ ਕੀ ਹੈ ? ਹਰ ਇੱਕ ਗੁਰਸਿੱਖ ਨੂੰ ਇਨ੍ਹਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

ਪੰਜਾਬ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਨਾ ਮਗਰੋਂ ਗੁਰਦੁਆਰਿਆਂ ਦਾ ਪ੍ਰਬੰਧ ਅੰਗਰੇਜ਼ਾਂ ਨੇ ਆਪਣੇ ਹੱਥ ਵਿੱਚ ਲੈ ਲਿਆ। ਗੁਰਦੁਆਰਿਆਂ ਨੂੰ ਆਪਣੇ ਹਿੱਤ ਵਿੱਚ ਵਰਤਣ ਲਈ ਉਨ੍ਹਾਂ ਨੇ ਮਹੰਤ ਤੇ ਪੁਜਾਰੀਆਂ ਨੂੰ ਨਿਯੁਕਤ ਕੀਤਾ। ਇਨ੍ਹਾਂ ਮਹੰਤਾਂ ਤੇ ਪੁਜਾਰੀਆਂ ਨੇ ਸਿੱਖ ਧਰਮ ਨੂੰ ਬਹੁਤ ਨੁਕਸਾਨ ਪਹੁੰਚਾਇਆ। ਇਨ੍ਹਾਂ ਦੇ ਕਾਰਨਾਮਿਆਂ ਤੋਂ ਸਿੱਖ ਕੌਮ ਭਲੀ-ਭਾਂਤ ਜਾਣੂ ਹੈ।

ਗੁਰਸਿੱਖਾਂ ਨੇ ਬੇਅੰਤ ਕੁਰਬਾਨੀਆਂ ਦੇ ਕੇ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਇਆ। ਜਦੋਂ ਗੁਰਦੁਆਰਿਆਂ ਨੂੰ ਇਨ੍ਹਾਂ ਮਹੰਤਾਂ ਤੇ ਪੁਜਾਰੀਆਂ ਤੋਂ ਮੁਕਤ ਕਰਵਾ ਲਿਆ ਤਾਂ ਇੱਕ ਨਵੇਂ ਭੇਖ ਨੇ ਜਨਮ ਲੈ ਲਿਆ। ਮਹੰਤਾਂ ਤੋਂ ਸੰਤ ਪੈਦਾ ਹੋ ਗਏ। ਇਨ੍ਹਾਂ ਆਪੂੰ ਬਣੇ ਸੰਤਾਂ ਨੇ ਸਿੱਖ ਕੌਮ ਵਿੱਚ ਸਖ਼ਸ਼ੀ (ਦੇਹਧਾਰੀ) ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ ਅਤੇ ਪੂਜਾ ਦੇ ਧਨ ਨੂੰ ਆਪਣੇ ਨਿੱਜੀ ਐਸ਼ੋ-ਆਰਾਮ ਲਈ ਵਰਤਣਾ ਸ਼ੁਰੂ ਕਰ ਦਿੱਤਾ। ਇਹ ਹੈ ਅਖੌਤੀ ਸਾਧਾਂ / ਸੰਤਾਂ ਦਾ ਪਿਛੋਕੜ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ **ਅਸਲ ਸੰਤ** ਹੈ ਕੌਣ ? ਜਿਸ ਦੀ ਸ਼ਰਨ ਵਿੱਚ ਜਾਣ ਦਾ ਗੁਰਬਾਣੀ ਉਪਦੇਸ਼ ਕਰਦੀ ਹੈ। ਇਸ ਸਵਾਲ ਦਾ ਉੱਤਰ ਵੀ ਗੁਰਬਾਣੀ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਦੇ ਇਸ਼ਾਰੇ ਨੂੰ ਸਮਝੋ। ਅਧਿਆਤਮਕ ਮਾਰਗ ਉੱਤੇ ਚੱਲਣ ਲਈ ਸੱਚੇ ਗੁਰੂ ਦੀ ਅਤਿਅੰਤ ਲੋੜ ਹੁੰਦੀ ਹੈ। ਸੱਚੇ ਗੁਰੂ ਤੋਂ ਬਿਨ੍ਹਾਂ ਕੋਈ ਵੀ



ਕੰਮ ਸਫ਼ਲ ਨਹੀਂ ਹੋ ਸਕਦਾ ਕਿਉਂਕਿ :

(ੳ) **ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥** (੪੬੩)

(ਅ) **ਬਿਨੁ ਗੁਰ ਨਾਮੁ ਨ ਪਾਇਆ ਜਾਇ ॥** (੧੧੫)

(ੲ) **ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨ ਆਵੈ ॥** (੧੩੯੯)

(ਸ) **ਗੁਰ ਬਿਨੁ ਗਿਆਨੁ ਨ ਹੋਵਈ, ਨਾ ਸੁਖੁ ਵਸੈ ਮਨਿ ਆਇ ॥** (੬੫੦)

(ਹ) **ਗੁਰ ਬਿਨੁ ਗਿਆਨੁ ਨ ਪਾਈਐ, ਬਿਖਿਆ ਦੂਜਾ ਸਾਦੁ ॥** (੬੧)

(ਕ) **ਬਿਨੁ ਗੁਰ ਪ੍ਰੀਤਿ ਨ ਊਪਜੈ, ਹਉਮੈ ਮੈਲੁ ਨ ਜਾਇ ॥** (੬੦)

(ਖ) **ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥** (੭੩੨)

(ਗ) **ਬਿਨੁ ਸਤਿਗੁਰ ਕਿਨੈ ਨ ਪਾਇਓ**
**ਬਿਨੁ ਸਤਿਗੁਰ ਕਿਨੈ ਨ ਪਾਇਆ ॥**
**ਸਤਿਗੁਰ ਵਿਚਿ ਆਪੁ ਰਖਿਓਨੁ**
**ਕਰਿ ਪਰਗਟੁ ਆਖਿ ਸੁਣਾਇਆ ॥** (੪੬੬)

ਗੁਰਬਾਣੀ ਦੇ ਇਹ ਸਾਰੇ ਫੁਰਮਾਣ ਸਿੱਖ ਨੂੰ ਸਮਝਾਉਂਦੇ ਹਨ ਕਿ ਗੁਰੂ ਨੂੰ ਛੱਡ ਕੇ ਹੋਰ ਪਾਸੇ ਕਿਸੇ ਕੋਲ ਭਟਕਣ ਦੀ ਲੋੜ ਨਹੀਂ ਹੈ। ਸਿੱਖ ਦਾ ਗੁਰੂ ਸੰਪੂਰਨ ਤੇ ਸਮਰੱਥ ਹੈ।

ਜੇਕਰ ਪੁਰਾਤਨ ਸਮੇਂ ਗੁਰੂ ਦੇ ਸਿੱਖਾਂ ਲਈ ਗੁਰੂ ਹੀ ਸਭ ਕੁੱਝ ਸੀ ਅਤੇ ਹੋਰ ਕਿਸੇ ਸਾਧ/ ਸੰਤ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਪਈ ਤਾਂ ਅੱਜ ਵੀ ਗੁਰੂ ਦੇ ਸਿੱਖਾਂ ਨੂੰ **ਗੁਰੂ ਗ੍ਰੰਥ ਸਾਹਿਬ ਜੀ (ਸ਼ਬਦ-ਗੁਰੂ)** ਤੋਂ ਸਿਵਾਏ ਹੋਰ ਕਿਸੇ ਸਾਧ/ਸੰਤ ਦੀ ਲੋੜ ਕਿਉਂ ਪਵੇ ? **ਗੁਰੂ ਗੋਬਿੰਦ ਸਿੰਘ ਜੀ** ਨੇ ਸਿੱਖਾਂ ਨੂੰ ਕੇਵਲ **ਗੁਰੂ ਗ੍ਰੰਥ ਸਾਹਿਬ ਜੀ** ਦੇ ਲੜ ਲਾਇਆ ਹੈ, ਹੋਰ ਕਿਸੇ ਦੇਹਧਾਰੀ ਸਾਧ /ਸੰਤ ਜਾਂ ਦੇਹਧਾਰੀ ਗੁਰੂ ਦੇ ਬਿਲਕੁਲ ਨਹੀ। ਯਾਦ ਰੱਖੋ ! ਸਿੱਖ ਧਰਮ ਵਿੱਚ ਸਖ਼ਸ਼ੀ ਪੂਜਾ ਕਰਨ ਦੀ ਸਖ਼ਤ ਮਨਾਹੀ ਹੈ।

ਐ ਗੁਰੂ ਦੇ ਸਿੱਖੋ ! ਪੁਰਾਤਨ ਸਿੱਖਾਂ ਵਾਂਗ ਸਾਨੂੰ ਵੀ ਕੇਵਲ ਆਪਣੇ ਗੁਰੂ

ਤੇ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਗੁਰਬਾਣੀ ਦੇ ਹੇਠ ਲਿਖੇ ਫੁਰਮਾਨਾਂ ਅਨੁਸਾਰ ਗੁਰੂ ਨਿੰਦਿਆ ਕਰਨ ਦਾ ਵੱਡਾ ਅਪਰਾਧ ਕਰ ਰਹੇ ਹੋਵਾਂਗੇ :

1. **ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥**
   **ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥** (੬੫੧)
2. **ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥**
   **ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥** (੩੧੪)

ਅਖੀਰ ਵਿੱਚ ਸਮੂਹ ਸਿੱਖਾਂ ਅੱਗੇ ਬੇਨਤੀ ਹੈ ਕਿ **ਗੁਰੂ ਗ੍ਰੰਥ ਸਾਹਿਬ ਜੀ** ਹੀ ਸਿੱਖਾਂ ਦੇ ਅਸਲ ਗੁਰੂ-ਸੰਤ ਹਨ। ਜਿਹੜਾ ਇਸ ਗੁਰੂ-ਸੰਤ ਦੀ ਸ਼ਰਨ ਵਿੱਚ ਆ ਜਾਵੇ, ਉਸ ਦਾ ਜ਼ਰੂਰ ਉਧਾਰ ਹੋਵੇਗਾ। ਉਹ ਸੰਸਾਰ-ਸਾਗਰ ਨੂੰ ਸਹਿਜ ਵਿੱਚ ਰਹਿੰਦਿਆਂ ਹੋਇਆਂ ਤਰ ਜਾਵੇਗਾ।

ਇਸ ਲਈ ਗੁਰੂ ਪਿਆਰਿਓ ! ਗੁਰਸਿੱਖਾਂ ਨੂੰ ਹੋਰ ਪਾਸੇ ਭਟਕਣ ਦੀ ਬਿਲਕੁਲ ਲੋੜ ਨਹੀਂ । ਜੇਕਰ ਹਰ-ਇੱਕ ਪ੍ਰਾਣੀ ਗੁਰਬਾਣੀ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਲਵੇ ਤਾਂ ਧਰਮ ਦੇ ਨਾਂ ਉੱਤੇ ਕੀਤੀ ਜਾ ਰਹੀ ਲੁੱਟ ਤੋਂ ਮਨੁੱਖਤਾ ਨੂੰ ਬਚਾਇਆ ਜਾ ਸਕਦਾ ਹੈ। ਯਾਦ ਰੱਖੋ ! ਅਗਿਆਨਤਾ ਵਿੱਚੋਂ ਨਿਕਲਣਾ ਹੀ ਮਨੁੱਖ ਹੋਣ ਦਾ ਲਖਾਇਕ ਹੈ ਅਤੇ ਦੂਜਿਆਂ ਨੂੰ ਵੀ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣਾ ਮਨੁੱਖਤਾ ਦੀ ਅਸਲ ਸੇਵਾ ਹੈ।


ਦਵਿੰਦਰ ਸਿੰਘ

ਦਸ਼ਮੇਸ਼ ਨਗਰ,
ਖਰੜ
0160-2283756


☆☆☆☆☆☆



# ਸਦਾ ਯਾਦ ਰੱਖੋ

1. ਸਿੱਖ ਨੇ ਕੇਵਲ ਇਕ ਅਕਾਲ ਪੁਰਖ ਦਾ ਨਾਮ ਹੀ ਸਿਮਰਨਾ ਹੈ, ਜੋ ਸਭ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰ ਸਕਣ ਦੇ ਸਮਰੱਥ ਹੈ।
2. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਕਿਸੇ ਅੱਗੇ ਮੱਥਾ ਟੇਕਣਾ ਹੈ।
3. ਸਿੱਖ ਨੇ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਕੇ, ਵਾਹਿਗੁਰੂ ਦਾ ਸਿਮਰਨ ਕਰਨਾ ਹੈ ਤੇ ਫਿਰ ਗੁਰਬਾਣੀ ਦਾ ਪਾਠ/ਨਿਤਨੇਮ ਕਰਨਾ ਹੈ।
4. ਗੁਰਬਾਣੀ ਦਾ ਪਾਠ ਕਰਨ ਸਮੇਂ ਕਾਹਲੀ ਨਹੀਂ ਕਰਨੀ। ਪਿਆਰ, ਸਤਿਕਾਰ ਨਾਲ ਮਨ ਜੋੜ ਕੇ, ਸਮਝ ਕੇ, ਸ਼ੁੱਧ ਪਾਠ ਕਰਨਾ ਹੈ।
5. ਗੁਰਸਿੱਖ ਨੇ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ, ਕਥਾ, ਸਰਵਣ ਕਰਕੇ ਲਾਹਾ ਲੈਣਾ ਹੈ। ਸਿੱਖ ਲਈ ਧਾਰਮਿਕ ਅਸਥਾਨ ਕੇਵਲ ਗੁਰਦੁਆਰਾ ਹੀ ਹੈ।
6. ਸਿੱਖ ਨੇ ਆਪਸ ਵਿਚ ਮਿਲਣ ਸਮੇਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਹੀ ਬੁਲਾਉਣੀ ਹੈ।
7. ਗੁਰਬਾਣੀ ਦੀਆਂ ਪੋਥੀਆਂ, ਗੁਟਕਿਆਂ ਆਦਿ ਨੂੰ ਰੁਮਾਲ ਵਿਚ ਲਪੇਟ ਕੇ ਸਤਿਕਾਰ ਨਾਲ ਰੱਖਣਾ ਹੈ ਤੇ ਜੂਠੇ ਹੱਥ ਨਹੀਂ ਲਾਉਣੇ।
8. ਸਿੱਖ ਨੇ ਸਦਾ ਆਪਣਾ ਨਾਮ 'ਸਿੰਘ' ਜਾਂ 'ਕੌਰ' ਸ਼ਬਦ ਸਮੇਤ ਪੂਰਾ ਲਿਖਣਾ ਹੈ। ਨਾਮ ਨਾਲ ਜਾਤ ਨਹੀਂ ਲਿਖਣੀ।
9. ਸਿੱਖ ਧਰਮ ਵਿਚ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ 'ਸੱਚਾ ਤੀਰਥ' ਮੰਨਿਆ ਗਿਆ ਹੈ। ਹੋਰ ਤੀਰਥ ਯਾਤਰਾ, ਇਸ਼ਨਾਨਾਂ ਦੀ ਸਿੱਖ ਧਰਮ ਵਿਚ ਕੋਈ ਮਹੱਤਤਾ ਨਹੀਂ।
10. ਸਿੱਖ ਨੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣਾ ਹੈ ਤਾਂ ਕਿ ਸਿੱਖ ਇਤਿਹਾਸ ਦੀ ਜਾਣਕਾਰੀ ਹੋ ਸਕੇ ਤੇ ਸਿੱਖ ਆਪਣੇ ਬਹੁਮੁੱਲੇ ਵਿਰਸੇ ਤੋਂ ਜਾਣੂ ਹੋ ਸਕੇ।
11. ਸਿੱਖ ਨੇ ਕੁਸ਼ਤੀਆਂ ਤੇ ਹੋਰ ਖੇਡਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਹੈ ਪਰ ਗੰਦੀਆਂ ਫਿਲਮਾਂ ਅਤੇ ਗੰਦੇ ਨਾਟਕਾਂ, ਜਿਨ੍ਹਾਂ ਵਿਚ ਗੰਦੇ ਸੀਨ ਵਿਖਾਏ ਜਾਂਦੇ ਹਨ, ਤੋਂ ਪ੍ਰਹੇਜ਼ ਕਰਨਾ ਹੈ।
12. ਸਿੱਖ ਨੇ ਕਦੀ ਵੀ, ਕਿਸੇ ਕਿਸਮ ਦਾ ਨਸ਼ਾ (ਸ਼ਰਾਬ, ਭੰਗ, ਅਫੀਮ, ਚਰਸ, ਤੰਮਾਕੂ, ਸਿਗਰਟ, ਸਮੈਕ) ਆਦਿ ਨਹੀਂ ਵਰਤਣਾ।

☆☆☆☆☆☆